ਪੰਜਾਬ ਸਕੂਲ ਸਿੱਖਿਆ ਬੋਰਡ

ਸੂਚਨਾ

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਮੂਹ ਸਕੂਲ ਮੁਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2026-27 ਲਈ ਨੌਵੀਂ ਅਤੇ ਗਿਆਰਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੇ ਵੇਰਵਿਆਂ ਨਾਂ/ਪਿਤਾ/ਮਾਤਾ ਦਾ ਨਾਂ, ਰਜਿਸਟ੍ਰੇਸ਼ਨ ਨੰਬਰ, ਵਿਸ਼ੇ ਅਤੇ ਸਟਰੀਮ ਵਿੱਚ ਜੇਕਰ ਗਲਤ ਇੰਦਰਾਜ਼ ਕਰ ਦਿੱਤੇ ਗਏ ਹਨ, ਤਾਂ ਅਜਿਹੀਆਂ ਗਲਤੀਆਂ ਦੀਆਂ ਅਪਡੇਸ਼ਨ ਕਰਨ ਲਈ ਹੇਠ ਲਿਖੀ ਫੀਸ ਅਨੁਸਾਰ ਮਿਤੀ 20-11-2026 ਤੱਕ ਦਾ ਸਮਾਂ ਦਿੱਤਾ ਜਾਂਦਾ ਹੈ :-

ਨੌਵੀਂ ਅਤੇ ਗਿਆਰਵੀਂ ਸ਼੍ਰੇਣੀ ਦੇ ਰਜਿਸਟ੍ਰੇਸ਼ਨ ਡਾਟੇ ਵਿੱਚ ਅਪਡੇਸ਼ਨ ਸਬੰਧੀ

ਲੜੀ ਨੰ:	ਅਪਡੇਸ਼ਨ ਦੀ ਕਿਸਮ	ਫੀਸ ਪ੍ਰਤੀ ਅਪਡੇਸ਼ਨ
1.	ਵੇਰਵਿਆਂ (ਨਾਂ / ਪਿਤਾ ਦਾ ਨਾਂ / ਮਾਤਾ ਦਾ ਨਾਂ/ ਮੋਬਾਇਲ ਨੰਬਰ / ਆਧਾਰ ਨੰਬਰ/ NSQF Subjects ਆਦਿ)	100/- ਰੁਪਏ ਪ੍ਰਤੀ ਅਪਡੇਸ਼ਨ (Updation performa will be generated, fees pay and verified at school level).
2.	ਰਜਿਸਟ੍ਰੇਸ਼ਨ ਨੰਬਰ, Vocational, Vocational HSS Subjects and Trade ਅਤੇ ਗਿਆਰਵੀਂ ਸ਼੍ਰੇਣੀ ਦੀ ਸਟਰੀਮ	1000/- ਰੁਪਏ ਪ੍ਰਤੀ ਅਪਡੇਸ਼ਨ (Updation performa will be generated, fees pay and verified at school level).
3.	ਫੋਟੋ ਅਤੇ ਹਸਤਾਖ਼ਰ	1000/- ਰੁਪਏ ਪ੍ਰਤੀ ਅਪਡੇਸ਼ਨ (Updation performa will be generated at school level and fees pay/verified at head office).

ਨੋਟ :- ਨੌਵੀਂ ਅਤੇ ਗਿਆਰਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੇ ਵੇਰਵਿਆਂ ਵਿੱਚ ਅਪਡੇਸ਼ਨਸ ਲਈ ਇਸ ਉਪਰੰਤ ਕੋਈ ਹੋਰ ਮੌਕਾ ਨਹੀ ਦਿੱਤਾ ਜਾਵੇਗਾ। ਇਸ ਲਈ ਸਕੂਲ ਮੁਖੀ ਮਿਤੀ 20-11-2026 ਤੱਕ ਲੋੜੀਂਦੀਆਂ ਅਪਡੇਸ਼ਨਸ ਨੂੰ ਅਪਡੇਟ ਕਰਨਾ ਯਕੀਨੀ ਬਣਾਉਣ। ਜਿੰਨ੍ਹਾਂ ਸਕੂਲਾਂ ਵੱਲੋਂ ਪਹਿਲਾਂ ਦਿੱਤੇ ਗਏ ਅਪਡੇਸ਼ਨ ਦੇ ਸਮੇਂ ਦੌਰਾਨ ਅਪਡੇਸ਼ਨ ਪ੍ਰੋਫਾਰਮਾ ਜਨਰੇਟ ਕਰ ਲਿਆ ਗਿਆ ਸੀ, ਪ੍ਰੰਤੂ ਅਪਡੇਸ਼ਨਸ ਨੂੰ ਵੈਰੀਫਾਈ ਨਹੀ ਕੀਤਾ ਗਿਆ , ਉਹਨਾਂ ਅਪਡੇਸ਼ਨਸ ਨੂੰ ਵੀ ਉਪਰੋਕਤ ਫੀਸ/ਸ਼ਡਿਊਲ ਅਨੁਸਾਰ ਵੈਰੀਫਾਈ ਕਰਨਾ/ਕਰਵਾਉਣਾ ਯਕੀਨੀ ਬਣਾਇਆ ਜਾਵੇ। ਜੇਕਰ ਕਿਸੇ ਵਿਦਿਆਰਥੀ ਦੀ ਲੋੜੀਂਦੀ ਅਪਡੇਸ਼ਨ ਕਰਨ ਤੋਂ ਰਹਿ ਜਾਂਦੀ ਹੈ ਤਾਂ ਇਸਦੀ ਨਿਰੋਲ ਜਿੰਮੇਵਾਰੀ ਸਕੂਲ ਮੁਖੀ ਦੀ ਹੀ ਹੋਵੇਗੀ।

ਸੁਪਰਡੰਟ (ਰਜਿਸਟ੍ਰੇਸ਼ਨ)